# Official Spokesperson's response to media queries on remarks made by President of the United Nations General Assembly with respect to the Indian Union Territory of Jammu and Kashmir

May 28, 2021

.........................................................................................

## ਭਾਰਤ ਦੇ ਜੰਮੂ-ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਦੇ ਸਬੰਧ ਵਿੱਚ ਸੰਯੁਕਤ ਰਾਸ਼ਟਰ ਮਹਾਂਸਭਾ ਦੇ ਪ੍ਰਧਾਨ ਦੁਆਰਾ ਕੀਤੀਆਂ ਟਿੱਪਣੀਆਂ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

28 ਮਈ, 2021

ਭਾਰਤ ਦੇ ਜੰਮੂ ਅਤੇ ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਦੇ ਸਬੰਧ ਵਿੱਚ ਸੰਯੁਕਤ ਰਾਸ਼ਟਰ ਮਹਾਂਸਭਾ ਦੇ ਪ੍ਰਧਾਨ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਨੇ ਕਿਹਾ:

“ਅਸੀਂ ਸੰਯੁਕਤ ਰਾਸ਼ਟਰ ਮਹਾਂਸਭਾ ਦੇ ਪ੍ਰਧਾਨ (PGA) ਵੋਲਕਨ ਬੋਸਕੀਰ ਵੱਲੋਂ ਆਪਣੀ ਹਾਲੀਆ ਪਾਕਿਸਤਾਨ ਫੇਰੀ ਦੌਰਾਨ ਭਾਰਤ ਦੇ ਜੰਮੂ ਅਤੇ ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਦੇ ਸਬੰਧ ਵਿੱਚ ਕੀਤੀਆਂ ਗਈਆਂ ਅਣ-ਅਧਿਕਾਰਤ ਟਿੱਪਣੀਆਂ ਖਿਲਾਫ ਆਪਣਾ ਸਖ਼ਤ ਵਿਰੋਧ ਜ਼ਾਹਰ ਕਰਦੇ ਹਾਂ।

ਉਨ੍ਹਾਂ ਵੱਲੋਂ ਕੀਤੀ ਗਈ ਇਹ ਟਿੱਪਣੀ ਕਿ ਸੰਯੁਕਤ ਰਾਸ਼ਟਰ ਵਿੱਚ ਇਸ ਮੁੱਦੇ ਨੂੰ ਹੋਰ ਜ਼ੋਰਦਾਰ ਢੰਗ ਨਾਲ ਚੁੱਕਣਾ ਪਾਕਿਸਤਾਨ ਦਾ "ਫਰਜ਼" ਬਣਦਾ ਹੈ, ਮੰਨਣਯੋਗ ਨਹੀਂ ਹੈ। ਨਾ ਹੀ ਅਸਲ ਵਿੱਚ ਹੋਰ ਆਲਮੀ ਹਾਲਾਤ ਨਾਲ ਤੁਲਨਾ ਕਰਨ ਦਾ ਕੋਈ ਅਧਾਰ ਹੈ।

ਜਦੋਂ ਸੰਯੁਕਤ ਰਾਸ਼ਟਰ ਮਹਾਂਸਭਾ ਦਾ ਕੋਈ ਮੌਜੂਦਾ ਪ੍ਰਧਾਨ ਗੁੰਮਰਾਹਕੁੰਨ ਅਤੇ ਪੱਖਪਾਤੀ ਟਿੱਪਣੀਆਂ ਕਰਦਾ ਹੈ ਤਾਂ ਉਹ ਆਪਣੇ ਓਹਦੇ ਨੂੰ ਨੁਕਸਾਨ ਪਹੁੰਚਾਉਂਦਾ ਹੈ। PGA ਦਾ ਵਿਹਾਰ ਵਾਕਈ ਅਫਸੋਸਨਾਕ ਹੈ ਅਤੇ ਪੱਕੇ ਤੌਰ ਤੇ ਆਲਮੀ ਮੰਚ 'ਤੇ ਉਨ੍ਹਾਂ ਦਾ ਰੁਤਬਾ ਘਟਾਉਣ ਵਾਲਾ ਹੈ।

ਨਵੀਂ ਦਿੱਲੀ
28 ਮਈ, 2021

DISCLAIMER: This is an approximate translation. The original is available in English on MEA’s website and may be referred to as the official press release.